5-8-1991

# ਜਦੋਂ ਰੌਸ਼ਨੀ ਹੁੰਦੀ ਹੈ

ਇਹ ਨਾਟਕ ਮੇਰਾ ਆਪਣਾ ਲਿਖਿਆ ਹੋਇਆ ਹੈ, ਮੈਂ ਇਸ ਨਾਟਕ ਦੀ ਪ੍ਰੇਰਨਾ ਸਾਰਤਰੇ ਦੇ ਨਾਟਕ 'ਦੀ ਫਲਾਈਜ਼' ਤੋਂ ਲਈ ਹੈ। ਮੇਰੇ ਛਪੇ ਹੋਏ ਨਾਟਕਾਂ ਵਿਚ 'ਜਦੋਂ ਰੌਸ਼ਨੀ ਹੁੰਦੀ ਹੈ' ਪਹਿਲੀ ਕਿਤਾਬ ਹੈ। ਇਹ ਕਿਤਾਬ ਬਲਰਾਜ ਸਾਹਨੀ ਯਾਦਗਾਰ ਪ੍ਰਕਾਸ਼ਨ ਵਲੋਂ 1976 ਵਿਚ ਛਾਪੀ ਗਈ ਸੀ। ਇਸ ਕਿਤਾਬ ਦੇ ਸ਼ੁਰੂ ਵਿਚ ਮੇਰੇ ਆਪਣੇ ਵਲੋਂ ਜੋ ਸ਼ਬਦ ਲਿਖੇ ਗਏ ਤੇ ਜਿਨ੍ਹਾਂ ਨੂੰ ਮੈਂ ਇਥੇ ਦੁਹਰਾ ਰਿਹਾ ਹਾਂ, ਉਹ ਮੈਂ ਸਮਝਦਾ ਹਾਂ ਕਿ ਮੇਰੀ ਨਾਟਕ ਕਲਾ ਬਾਰੇ ਕੁਝ ਜਾਣਕਾਰੀ ਜ਼ਰੂਰ ਦੇਂਦੇ ਹਨ। ਇਸ ਸ਼ਬਦ ਸਨ: ਮੈਂ 1957 ਤੋਂ ਪੰਜਾਬ ਰੰਗਮੰਚ 'ਤੇ ਇਕ ਕਲਾਕਾਰ, ਇਕ ਲੇਖਕ ਅਤੇ ਇਕ ਪ੍ਰਬੰਧਕ ਦੇ ਰੂਪ ਵਿਚ ਕੰਮ ਕਰ ਰਿਹਾ ਹਾਂ। ਮੇਰਾ ਇਕ ਨਿਮਾਣਾ ਜਿਹਾ ਦਾਅਵਾ ਹੈ ਕਿ ਮੈਂ ਆਪਣੀ ਮੰਚ ਕਲਾ ਨੂੰ ਪੰਜਾਬ ਦੇ ਲੋਕਾਂ ਦੀਆਂ ਮੰਗਾਂ ਅਨੁਸਾਰ ਢਾਲਿਆ ਹੈ ਅਤੇ ਇਕ ਵਿਸ਼ੇਸ਼ ਸ਼ੈਲੀ ਦਾ ਵਿਕਾਸ ਕੀਤਾ ਹੈ, ਜਿਸ ਵਿਚ ਲੋਕ ਰੰਗਮੰਚ ਦੇ ਅੰਸ਼ ਹਨ ਪਰ ਜਿਸ ਦੀ ਆਪਣੀ ਵਿਲੱਖਣਤਾ ਹੈ ਅਤੇ ਇਹ ਵਿਲੱਖਣਤਾ ਨਾਟਕਾਂ ਦੇ ਵਿਸ਼ੇ ਦੀ ਚੋਣ ਹੈ। ਇਸ ਚੋਣ ਪਿੱਛੇ ਇਕ ਵਿਚਾਰ ਹੈ, ਇਕ ਸੋਚ ਹੈ ਅਤੇ ਜ਼ਿੰਦਗੀ ਬਦਲਣ ਦਾ ਇਕ ਸੁਨੇਹਾ ਹੈ। ਮੈਂ ਇਸ ਆਦਰਸ਼ ਵਲ ਵਚਨਵੱਧ ਹਾਂ। ਮੇਰਾ ਇਹ ਦ੍ਰਿੜ੍ਹ ਵਿਸ਼ਵਾਸ ਹੈ ਕਿ ਜਿਹੜੀ ਜ਼ਿੰਦਗੀ ਅਸੀਂ ਜੀ ਰਹੇ ਹਾਂ, ਉਹ ਅਣਖ ਵਾਲੇ ਲੋਕਾਂ ਦੇ ਜੀਣ ਦੇ ਯੋਗ ਨਹੀਂ ਹੈ। ਇਸ ਨੂੰ ਬਦਲਣ ਦਾ ਸੁਨੇਹਾ ਮੇਰੇ ਹਰ ਇਕ ਨਾਟਕ ਵਿਚ ਹੈ। ਇਸ ਪੁਸਤਕ ਦੇ ਦੋਨੋਂ ਨਾਟਕ 'ਜਦੋਂ ਰੌਸ਼ਨੀ ਹੁੰਦੀ ਹੈ' ਅਤੇ 'ਹਵਾਈ ਗੋਲੇ' ਇਸ ਵਿਸ਼ੇਸ਼ ਸ਼ੈਲੀ ਦੀ ਦੇਣ ਹਨ ਜੋ ਮੈਂ ਪਾਠਕਾਂ ਅੱਗੇ ਪੇਸ਼ ਕਰ ਰਿਹਾ ਹਾਂ।

ਇਸ ਨਾਟਕ ਨੂੰ ਪਹਿਲੀ ਵਾਰ 1970 ਵਿਚ ਅੰਮ੍ਰਿਤਸਰ ਨਾਟਕ ਕਲਾ ਕੇਂਦਰ ਵਲੋਂ ਖੇਡਿਆ ਗਿਆ। 1970-76 ਦੇ ਸਮੇਂ ਵਿਚ ਇਹ 46 ਵਾਰ ਖੇਡਿਆ ਗਿਆ।

ਇਸ ਨਾਟਕ ਦਾ ਵਿਸ਼ਾ ਹੈ ਕਿ ਮਨੁੱਖ ਦੇ ਇਤਿਹਾਸ ਵਿਚ ਬਹੁਤ ਵਾਰ ਸਟੇਟ ਅਤੇ ਧਰਮ ਸਾਧਾਰਨ ਬੰਦੇ ਦੀ ਲੁੱਟ ਖਸੁੱਟ ਵਿਚ ਨਾਲ ਨਾਲ ਚਲੇ ਹਨ। ਸੂਝਵਾਨ ਤੇ ਜਾਗ੍ਰਿਤ ਲੋਕਾਂ ਨੇ ਹਰ ਯੁਗ ਵਿਚ ਇਹ ਸਚਾਈ ਸਮਝੀ ਹੈ ਅਤੇ ਨਿਜ਼ਾਮ ਦੇ ਖਿਲਾਫ ਬਗਾਵਤ ਦਾ ਝੰਡਾ ਚੁੱਕਿਆ ਹੈ ਅਤੇ ਜ਼ਿੰਦਗੀ ਦੀਆਂ ਸੂਖਮ ਕਦਰਾਂ-ਕੀਮਤਾਂ ਦੀ ਰਖਵਾਲੀ ਕੀਤੀ ਹੈ। ਇਸ ਬਗਾਵਤ ਵਿਚ ਜਾਗ੍ਰਿਤ ਸ਼ਕਤੀਆਂ ਨੂੰ ਮਦਦ ਹਮੇਸ਼ਾ ਉਨ੍ਹਾਂ ਲੋਕਾਂ ਦੀ ਮਿਲੀ ਹੈ ਜੋ ਕਿ ਇਕ ਨਿਜ਼ਾਮ ਵਿਚ ਭੁੱਖੇ ਨੰਗੇ ਹਨ ਤੇ ਜਿਨ੍ਹਾਂ ਕੋਲ ਗਵਾਉਣ ਲਈ ਕੁਝ ਨਹੀਂ। ਇਸ ਨਾਟਕ ਦੇ ਸਾਰੇ ਪਾਤਰ ਚਿੰਨ੍ਹਾਤਮਿਕ ਹਨ ਜੋ ਇਕ ਨਾਟਕ ਦੇ ਰੂਪ ਵਿਚ ਉਤਲੀ ਦੱਸੀ ਸਚਾਈ ਖੇਡਦੇ ਹਨ। ਇਕ ਬਾਦਸ਼ਾਹ ਹੈ ਜੋ ਸਟੇਟ ਦਾ ਪਾਤਰ ਹੈ। ਇਕ ਔਲੀਆ ਹੈ ਜੋ ਧਾਰਮਿਕ ਅਕੀਦੇ ਦਾ ਪਾਤਰ ਹੈ, ਇਕ ਨੌਜਵਾਨ ਹੈ ਜੋ ਜਾਗ੍ਰਿਤੀ ਦਾ ਚਿੰਨ੍ਹ ਹੈ, ਇਕ ਸੁੰਦਰੀ ਹੈ ਜੋ ਜ਼ਿੰਦਗੀ ਦੀਆਂ ਸੁਹਜਾਤਮਿਕ ਕਦਰਾਂ ਕੀਮਤਾਂ ਦੀ ਨੁਮਾਇੰਦਗੀ ਕਰਦੀ ਹੈ। ਇਕ ਨੰਗਾ ਆਦਮੀ ਹੈ ਜੋ ਹਾਕਮਾਂ ਦੇ ਮੂੰਹ 'ਤੇ ਸੱਚ ਕਹਿਣ ਦੀ ਜੁਰਅਤ ਰੱਖਦਾ ਹੈ। ਇਕ ਪਾਤਰ ਇਕ ਬੁੱਢੀ ਹੈ ਜੋ ਪਰੰਪਰਾ ਦੀ ਨੁਮਾਇੰਦਗੀ ਕਰਦੀ ਹੈ ਜਿਸ ਨੇ ਹਰ ਜ਼ੁਲਮ ਨੂੰ ਤਕਦੀਰ ਮੰਨ ਲਿਆ ਹੈ ਤੇ ਆਉਣ ਵਾਲੀ ਪੀੜ੍ਹੀ ਨੂੰ ਵੀ ਇਹੀ ਕਰਨ ਲਈ ਕਹਿੰਦੀ ਹੈ। ਬੱਚਾ ਇਸ ਪੁੰਗਰਦੀ ਪੀੜ੍ਹੀ ਦਾ ਪ੍ਰਤੀਕ ਹੈ।



## ਮੇਰੀ ਨਾਟਕ ਸ਼ੈਲੀ

ਗੁਰਸ਼ਰਨ ਸਿੰਘ

ਇਸ ਨਾਟਕ ਦੀ ਨਾਇਕ ਇਕ ਸੱਚ ਦੀ ਵੇਦੀ ਹੈ ਜਿਸ 'ਤੇ ਇਕ ਸੱਚੇ ਬੰਦੇ ਨੂੰ ਫਾਂਸੀ ਦਿੱਤੀ ਗਈ ਸੀ ਪਰ ਉਹਦਾ ਸੱਚ ਮਾਰਿਆ ਨਹੀਂ ਜਾ ਸਕਿਆ ਸੀ। ਬਾਦਸ਼ਾਹ ਅਤੇ ਔਲੀਆ ਦੀ ਸਾਰੀ ਤਾਕਤ ਇਸ ਵੇਦੀ ਅੱਗੇ ਬੇਵੱਸ ਹੈ ਕਿਉਂਕਿ ਇਸ ਵੇਦੀ 'ਤੇ ਜੋ ਇਕ ਵਾਰ ਚੜ੍ਹ ਜਾਏ ਉਹਨੂੰ ਕੋਈ ਤਾਕਤ ਮਾਰ ਨਹੀਂ ਸਕਦੀ ਪਰ ਇਸ ਵੇਦੀ 'ਤੇ ਚੜ੍ਹ ਉਹੀ ਸਕਦਾ ਹੈ ਜਿਸ ਨੇ ਜ਼ਿੰਦਗੀ ਵਿਚ ਕਦੀ ਝੂਠ ਨਾ ਬੋਲਿਆ ਹੋਵੇ। ਇਸੇ ਲਈ ਸਾਰੀ ਹਕੂਮਤ ਵਿਚ ਇਕ ਨੰਗਾ ਆਦਮੀ ਹੀ ਹੈ ਜੋ ਵੇਦੀ 'ਤੇ ਚੜ੍ਹਦਾ ਹੈ।

ਉਨ੍ਹਾਂ ਪ੍ਰਤੀਕ ਪਾਤਰਾਂ ਵਿਚ ਨਾਟਕ ਦੀ ਬਾਕਾਇਦਾ ਕਹਾਣੀ ਚੱਲਦੀ ਹੈ। ਬਾਦਸ਼ਾਹ ਨੇ ਹੁਕਮ ਦਿੱਤਾ ਹੋਇਆ ਹੈ ਕਿ ਉਹਦੀ ਹਕੂਮਤ 'ਤੇ ਮਾਤਮ ਦਾ ਚਿੰਨ੍ਹ ਹੈ। ਸਾਰੀ ਪਰ੍ਜਾ ਕਾਲੇ ਕੱਪੜੇ ਪਾਏ ਅਤੇ ਆਪਣੇ ਗੁਨਾਹਾਂ ਦਾ ਪਸ਼ਚਾਤਾਪ ਕਰੇ। ਜਿਹੜਾ ਕਾਲੇ ਕੱਪੜੇ ਨਹੀਂ ਪਾਵੇਗਾ ਉਸ ਦਾ ਸਿਰ ਧੜ ਤੋਂ ਵੱਖ ਕੀਤਾ ਜਾਵੇਗਾ। ਲੋਕਾਂ ਨੂੰ ਇਹ ਪ੍ਰਭਾਵ ਦਿੱਤਾ ਗਿਆ ਹੈ ਕਿ ਸਿਰਫ ਬਾਦਸ਼ਾਹ ਅਤੇ ਔਲੀਆ ਕਾਲੇ ਕੱਪੜੇ ਨਹੀਂ ਪਾਉਣਗੇ ਕਿਉਂਕਿ ਉਨ੍ਹਾਂ ਨੇ ਧਰਤੀ 'ਤੇ ਕਦੀ ਗੁਨਾਹ ਨਹੀਂ ਕੀਤਾ। ਇਸੇ ਦੌਰਾਨ ਇਕ ਨੌਜਵਾਨ ਸ਼ਹਿਰ ਵਿਚ ਦਾਖਲ ਹੁੰਦਾ ਹੈ। ਉਸ ਨੇ ਚਿੱਟੇ ਕੱਪੜੇ ਪਾਏ ਹੁੰਦੇ ਹਨ ਕਿਉਂਕਿ ਉਹ ਇਸ ਹੁਕਮ ਨੂੰ ਮੰਨਣ ਤੋਂ ਇਨਕਾਰੀ ਹੈ। ਨੰਗਾ ਆਦਮੀ ਆਪਣੀ ਪਹਿਚਾਣ ਇਸ ਵਾਰਤਾਲਾਪ ਨਾਲ ਕਰਵਾਉਂਦਾ ਹੈ ਕਿ ਬੰਦਾ ਜਦੋਂ ਪੈਦਾ ਹੁੰਦਾ ਹੈ ਤਾਂ ਉਹ ਨੰਗਾ ਹੈ ਤੇ ਉਸ ਨੂੰ ਨੰਗਾ ਹੀ ਰਹਿਣਾ ਚਾਹੀਦਾ ਹੈ। ਸੱਚ ਦੀ ਵੇਦੀ 'ਤੇ ਚੜ੍ਹ ਕੇ ਉਹ ਬਾਦਸ਼ਾਹ ਅਤੇ ਔਲੀਆ ਦੇ ਦੰਭ ਨੂੰ ਨੰਗਾ ਕਰਦਾ ਹੈ। ਨੌਜਵਾਨ ਇਸ ਅਮਲ ਵਿਚ ਉਹਦਾ ਸਾਥੀ ਹੈ ਅਤੇ ਦੋਨੋਂ ਰਲ ਕੇ ਸੁੰਦਰੀ (ਜ਼ਿੰਦਗੀ ਦੀ ਸੁਹੱਪਣ) ਨੂੰ ਬਾਦਸ਼ਾਹ ਅਤੇ ਔਲੀਆ ਦੇ ਕਹਿਰ ਤੋਂ ਬਚਾਉਂਦੇ ਹਨ। ਅਖੀਰ ਵਿਚ ਜਿੱਤ ਸੱਚ ਦੀ ਹੁੰਦੀ ਹੈ।


ਨਾਟਕ ਵਿਚ ਹਰ ਇਕ ਵਾਰਤਾਲਾਪ ਜ਼ਿੰਦਗੀ ਦੇ ਸੱਚ ਨੂੰ ਬੜਾ ਪ੍ਰਤੱਖ ਤਰੀਕੇ ਨਾਲ ਪੇਸ਼ ਕਰਦਾ ਹੈ। ਨੌਜਵਾਨ ਕੋਲੋਂ ਜਦੋਂ ਪੁੱਛਿਆ ਜਾਂਦਾ ਹੈ ਕਿ ਉਹਨੇ ਚਿੱਟੇ ਕੱਪੜੇ ਕਿਉਂ ਪਾਏ ਹਨ ਤਾਂ ਉਹ ਜਵਾਬ ਦੇਂਦਾ ਹੈ ਕਿਉਂਕਿ ਉਹਨੇ ਜ਼ਿੰਦਗੀ ਵਿਚ ਕੋਈ ਗੁਨਾਹ ਨਹੀਂ ਕੀਤਾ ਤੇ ਇਸੇ ਲਈ ਉਸ ਨੂੰ ਕਿਸੇ ਪਸ਼ਚਾਤਾਪ ਦੀ ਲੋੜ ਨਹੀਂ। ਉਹ ਅੱਗੋਂ ਕਹਿੰਦਾ ਹੈ ਕਿ ਜੇਕਰ ਕਾਲੇ ਕੱਪੜਿਆਂ ਨਾਲ ਪਸ਼ਚਾਤਾਪ ਹੁੰਦਾ ਹੈ ਤਾਂ ਫੇਰ ਬਾਦਸ਼ਾਹ ਅਤੇ ਔਲੀਆ ਨੂੰ ਹੀ ਸਭ ਤੋਂ ਪਹਿਲਾਂ ਕਾਲੇ ਕੱਪੜੇ ਪਾਉਣੇ ਚਾਹੀਦੇ ਹਨ ਕਿਉਂਕਿ ਧਰਤੀ 'ਤੇ ਜੋ ਕੁਝ ਵੀ ਗੁਨਾਹ ਹੁੰਦਾ ਹੈ ਉਹਦੀ ਜ਼ਿੰਮੇਵਾਰੀ ਬਾਦਸ਼ਾਹ ਅਤੇ ਔਲੀਆ ਉਤੇ ਹੈ, ਇਕ ਇਸ ਧਰਤੀ ਉਤੇ ਰਾਜਨੀਤਕ ਜਬਰ ਵਾਲਾ ਨਿਜ਼ਾਮ ਚਲਾਉਣ ਦਾ ਜ਼ਿੰਮੇਵਾਰ ਹੈ ਅਤੇ ਦੂਜਾ ਰੱਬ ਦੇ ਨਾਂ 'ਤੇ ਉਸ ਨਿਜ਼ਾਮ ਨੂੰ ਕਾਇਮ ਰੱਖਣ ਵਿਚ ਮਦਦ ਕਰਦਾ ਹੈ।

ਨੰਗਾ ਆਦਮੀ ਔਲੀਆ ਦੇ ਦੰਭ ਨੂੰ ਹੇਠ ਲਿਖੇ ਸ਼ਬਦਾਂ ਵਿਚ ਨੰਗਾ ਕਰਦਾ ਹੈ- ਔਲੀਆ ਨੇ ਇਕ ਗੁਫਾ ਬਣਾਈ ਹੋਈ ਹੈ ਜਿਥੇ ਉਹ ਸਾਰੇ ਕੰਮ ਕਰਦਾ ਹੈ ਜਿਹੜੇ ਉਹਨੂੰ ਰੱਬ ਕਰਨ ਲਈ ਕਹਿੰਦਾ ਹੈ। ਜੇ ਕਿਸੇ ਔਰਤ ਦੇ ਬੱਚਾ ਨਾ ਹੋਵੇ ਤੇ ਇਹ ਗੁਫਾ ਵਿਚ ਲਿਜਾ ਕੇ ਉਹਨੂੰ ਬੱਚਾ ਵੀ ਦੇ ਦਿੰਦਾ ਹੈ, ਪੁੱਛਣ 'ਤੇ ਨੰਗਾ ਆਦਮੀ ਦਸਦਾ ਹੈ- ਇਕ ਵਾਰੀ ਉਸ ਨੇ ਔਰਤਾਂ ਵਾਲੇ ਵੇਸ ਵਿਚ ਔਲੀਆ ਨਾਲ ਗੁਫਾ ਵਿਚ ਮੁਲਾਕਾਤ ਕੀਤੀ ਸੀ। ਔਲੀਆ ਮੈਨੂੰ ਕਹਿਣ ਲੱਗਾ, "ਤੂੰ ਗੁਨਾਹ ਕੀਤਾ ਹੈ ਇਸ ਲਈ ਕੱਪੜੇ ਲਾਹ ਤੇ ਜਦੋਂ ਮੈਂ ਕੱਪੜੇ ਲਾਹੇ ਤੇ ਉਹਦੀਆਂ ਚੀਕਾਂ ਨਿਕਲ ਗਈਆਂ ਕਿਉਂਕਿ ਉਹਦਾ ਦੰਭ ਨੰਗਾ ਹੋ ਗਿਆ।" ਉਦੋਂ ਤੋਂ ਉਹ ਨੰਗਾ ਹੈ ਤੇ ਉਹਨੂੰ ਉਸ ਦਿਨ ਦੀ ਉਡੀਕ ਹੈ ਜਦੋਂ ਬਾਦਸ਼ਾਹ ਅਤੇ ਔਲੀਆ ਦਾ ਦੰਭ ਚੁਰਾਹੇ ਵਿਚ ਨੰਗਾ ਹੋਵੇਗਾ।

ਇਹ ਨਾਟਕ ਜਦੋਂ ਪਹਿਲੀ ਵਾਰ 1976 ਵਿਚ ਛਪਿਆ ਤਾਂ ਉਨ੍ਹਾਂ ਕਲਾਕਾਰਾਂ ਦੇ ਨਾਂ ਸਮਰਪਿਤ ਕੀਤਾ ਗਿਆ ਜਿਨ੍ਹਾਂ ਨੇ ਇਸ ਨਾਟਕ ਨੂੰ ਮੰਚ ਸਫਲਤਾ ਦਿੱਤੀ। ਸ੍ਰੀਮੰਤੀ ਕੈਲਾਸ਼ ਕੌਰ ਅਤੇ ਜਤਿੰਦਰ ਬੁੱਢੀ ਦੇ ਰੂਪ ਵਿਚ, ਜਸਲੀਨ ਬੱਚੇ ਦੇ ਰੂਪ ਵਿਚ, ਮਹਿੰਦਰ ਡੋਗਰਾ, ਵੇਦ ਸ਼ਰਮਾ ਅਤੇ ਪਰਮਜੀਤ ਸਿੰਘ ਨੌਜਵਾਨ ਦੇ ਰੂਪ ਵਿਚ, ਲੋਕ ਨਾਥ, ਬਲਵਿੰਦਰ ਭਾਰਤੀ ਅਤੇ ਹਰਭਜਨ ਜੱਬਲ ਨੰਗੇ ਆਦਮੀ ਦੇ ਰੂਪ ਵਿਚ, ਸਰਦਾਰਜੀਤ ਬਾਵਾ ਅਤੇ ਸੁਖਬੀਰ ਸਿੰਘ ਔਲੀਆ ਦੇ ਰੂਪ ਵਿਚ, ਬੁੱਧ ਸਿੰਘ (ਅੰਕਿਤਪਾਲ) ਅਤੇ ਗੁਰਸ਼ਰਨ ਸਿੰਘ ਬਾਦਸ਼ਾਹ ਦੇ ਰੂਪ ਵਿਚ, ਕ੍ਰਿਸ਼ਨ ਦਵੇਸਰ ਸਿਪਾਹੀ

**ਪਿੱਛੋਂ ਲਿਖਿਆ ਨੋਟ:** ਪੰਜਾਬੀ ਨਾਟਕ ਇਤਿਹਾਸ ਵਿਚ ਇਸ ਇਕਾਂਗੀ ਦੀ ਇਕ ਬਹੁਚਰਚਿਤ ਨਾਟਕ ਦੀ ਹੈਸੀਅਤ ਵਿਚ ਆਪਣੀ ਇਕ ਥਾਂ ਹੈ। ਯੂਨੀਵਰਸਿਟੀ ਯੂਥ ਫੈਸਟੀਵਲਾਂ ਤੇ ਹੋਰ ਨਾਟਕ ਮੇਲਿਆਂ ਵਿਚ ਜਿਥੇ ਵੀ ਇਹ ਨਾਟਕ ਖੇਡਿਆ ਗਿਆ ਇਸਨੇ ਐਵਾਰਡ ਜਿੱਤੇ। ਸੰਨ 1990 ਵਿਚ ਕੰਵਲ ਵਿਦਰੋਹੀ ਨੇ ਇਸੇ ਨਾਟਕ ਨੂੰ 'ਨੰਗਾ ਆਦਮੀ' ਦੇ ਨਾਂ ਥੱਲੇ ਖੇਡਿਆ ਤੇ ਸਟੇਟ ਅਵਾਰਡ ਜਿੱਤਿਆ। 1990 ਵਿਚ ਭਾਰਤ ਭਰ ਦੇ ਇੰਜਨੀਅਰਿੰਗ ਕਾਲਜਾਂ ਦੇ ਨਾਟਕ ਮੇਲੇ ਵਿਚ ਵੀ ਇਸ ਨਾਟਕ ਨੂੰ ਸਰਵਉਤਮ ਨਾਟਕ ਦਾ ਅਵਾਰਡ

ਪੰਜਾਬੀ ਟ੍ਰਿਬਿਊਨ, ਐਤਵਾਰ, 4 ਅਗਸਤ, 1991



1983 ਵਿਚ ਕੈਨੇਡਾ ਵਿਚ ਪੇਸ਼ ਕੀਤੇ ਗਏ ਨਾਟਕ 'ਜਦੋਂ ਰੌਸ਼ਨੀ ਹੁੰਦੀ ਹੈ' ਦਾ ਇਕ ਦ੍ਰਿਸ਼। ਕੇਵਲ ਧਾਲੀਵਾਲ ਅਤੇ ਦਲੀਪ ਆਪੋ ਆਪਣੀ ਭੂਮਿਕਾ ਵਿਚ